
ਪਾਠ-10

# ਮੇਰਾ ਪਿੰਡ



ਇਹ ਮੇਰਾ ਪਿੰਡ ਹੈ। ਇਹ ਪਿੰਡ ਕਾਫ਼ੀ ਵੱਡਾ ਹੈ। ਇੱਥੇ ਲਗ-ਪਗ 200 ਘਰ ਹਨ। ਕੁਝ ਕੱਚੇ ਹਨ ਪਰ ਬਹੁਤੇ ਘਰ ਪੱਕੇ ਹਨ। ਅਸੀਂ ਪੱਕੇ ਘਰ ਵਿੱਚ ਰਹਿੰਦੇ ਹਾਂ। ਮੇਰੇ ਪਿਤਾ ਜੀ ਕਿਰਸਾਣ ਹਨ। ਮੈਂ ਸਵੇਰੇ ਜਲਦੀ ਉੱਠਦਾ ਹਾਂ। ਉਹਨਾਂ ਨਾਲ਼ ਖੇਤਾਂ ਵਿੱਚ ਕੰਮ ਕਰਦਾ ਹਾਂ। ਅਸੀਂ ਆਪਣੇ ਖਾਣ ਲਈ ਕੁਝ ਕਣਕ, ਛੋਲੇ ਅਤੇ ਚਾਵਲ ਰੱਖ ਲੈਂਦੇ ਹਾਂ। ਬਾਕੀ ਅਨਾਜ-ਮੰਡੀ ਵਿੱਚ ਵੇਚ ਦਿੰਦੇ ਹਾਂ।

ਮੇਰੇ ਪਿੰਡ ਦੇ ਲੋਕ ਬਹੁਤ ਮਿਹਨਤੀ ਹਨ। ਸਾਰੇ ਆਪਣੇ-ਆਪਣੇ ਕਿੱਤਿਆਂ ਅਨੁਸਾਰ ਕੰਮ ਕਰਦੇ ਹਨ। ਕੋਈ ਕੱਪੜਾ ਬੁਣਦਾ ਹੈ। ਕੋਈ ਕੱਪੜਾ ਸਿਊਂਦਾ ਹੈ।

ਕੋਈ ਲੱਕੜੀ ਤੋਂ ਪਟੜੇ, ਘੋਟਣੇ ਤੇ ਮੇਜ਼-ਕੁਰਸੀਆਂ ਬਣਾਉਂਦਾ ਹੈ। ਕੋਈ ਲੋਹੇ ਤੋਂ ਬਾਲਟੀਆਂ, ਕਹੀਆਂ, ਖੁਰਪੇ ਤੇ ਦਾਤੀਆਂ ਬਣਾਉਂਦਾ ਹੈ। ਕੋਈ ਮਿੱਟੀ ਦੇ ਭਾਂਡੇ ਤਿਆਰ ਕਰਦਾ ਹੈ। ਕੋਈ ਜੁੱਤੀਆਂ ਬਣਾਉਂਦਾ ਹੈ। ਕਿਸੇ ਘਰ ਵਿੱਚ ਦਰੀਆਂ ਤੇ ਖੇਸ ਬੁਣੇ ਜਾਂਦੇ ਹਨ। ਕੋਈ ਤੂਤ ਦੀਆਂ ਛਿਟੀਆਂ ਦੇ ਟੋਕਰੇ ਬਣਾਉਂਦਾ ਹੈ।

ਕਈਆਂ ਨੇ ਮੱਝਾਂ ਰੱਖੀਆਂ ਹੋਈਆਂ ਹਨ। ਉਹ ਦੁੱਧ ਵੇਚਣ ਦਾ ਕੰਮ ਕਰਦੇ ਹਨ। ਔਰਤਾਂ ਵੀ ਘਰਾਂ ਅਤੇ ਖੇਤਾਂ ਵਿੱਚ ਕੰਮ ਕਰਦੀਆਂ ਹਨ।

ਮੇਰੇ ਪਿੰਡ ਵਿੱਚ ਇੱਕ ਸਕੂਲ ਹੈ। ਇੱਥੇ ਕੁੜੀਆਂ ਤੇ ਮੁੰਡੇ ਇਕੱਠੇ ਪੜ੍ਹਦੇ ਹਨ। ਇੱਥੇ ਇੱਕ ਲਾਇਬ੍ਰੇਰੀ ਵੀ ਹੈ। ਲੋਕ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹਦੇ ਹਨ।

ਪਿੰਡ ਵਿੱਚ ਇੱਕ ਸਰਕਾਰੀ ਡਿਸਪੈਂਸਰੀ ਹੈ। ਇੱਥੋਂ ਦਵਾਈਆਂ ਮੁਫ਼ਤ ਮਿਲ਼ਦੀਆਂ ਹਨ। ਪਿੰਡ ਵਿੱਚ ਪਸ਼ੂਆਂ ਦਾ ਇੱਕ ਹਸਪਤਾਲ਼ ਵੀ ਹੈ। ਪਿੰਡ ਵਿੱਚ ਇੱਕ ਡਾਕਖ਼ਾਨਾ ਹੈ। ਡਾਕੀਆ ਡਾਕ ਵੰਡਦਾ ਹੈ।

ਮੇਰੇ ਬਾਬਾ ਜੀ ਪਿੰਡ ਵਿੱਚ ਰਹਿ ਕੇ ਖ਼ੁਸ਼ ਹਨ। ਸਾਫ਼, ਤਾਜ਼ੀ ਅਤੇ ਖੁੱਲ੍ਹੀ ਹਵਾ ਉਹਨਾਂ ਨੂੰ ਪਸੰਦ ਹੈ।

ਮੇਰੇ ਮਾਤਾ ਜੀ ਕਹਿੰਦੇ ਹਨ ਕਿ ਸਾਡਾ ਪਿੰਡ ਹੁਣ ਸ਼ਹਿਰ ਵਰਗਾ ਹੈ। ਸਾਰੇ ਘਰਾਂ ਵਿੱਚ ਬਿਜਲੀ ਹੈ। ਟੈਲੀਵੀਜ਼ਨ ਤੇ ਫ਼ਰਿੱਜ ਤਾਂ ਹੁਣ ਸਾਰਿਆਂ ਕੋਲ਼ ਹਨ।

ਖੇਤਾਂ ਵਿੱਚ ਬਿਜਲੀ ਨਾਲ਼ ਮੋਟਰਾਂ ਚੱਲਦੀਆਂ ਹਨ। ਖੇਤੀ ਟ੍ਰੈੱਕਟਰਾਂ ਨਾਲ਼ ਹੁੰਦੀ ਹੈ। ਗੱਡਾ ਤੇ ਹਲ਼ ਤਾਂ ਹੁਣ ਕਿਸੇ-ਕਿਸੇ ਕੋਲ਼ ਹੀ ਹਨ।

ਇਸ ਵਾਰ ਮੀਂਹ ਬਹੁਤ ਪਿਆ ਹੈ। ਪਿੰਡ ਦਾ ਟੋਭਾ ਪਾਣੀ ਨਾਲ਼ ਭਰ ਗਿਆ ਹੈ। ਪਹਿਲਾਂ ਮੱਝਾਂ, ਗਾਂਵਾਂ ਤੇ ਭੇਡਾਂ-ਬੱਕਰੀਆਂ ਉੱਥੋਂ ਹੀ ਪਾਣੀ ਪੀਂਦੀਆਂ ਸਨ। ਹੁਣ ਪਸ਼ੂਆਂ ਨੂੰ ਵੀ ਸਾਫ਼ ਪਾਣੀ ਪਿਆਇਆ ਜਾਂਦਾ ਹੈ।

ਅਸੀਂ ਘਰਾਂ ਵਿੱਚ ਟੂਟੀਆਂ ਤੋਂ ਪਾਣੀ ਪੀਂਦੇ ਹਾਂ। ਨਲ਼ਕੇ ਤੇ ਖ਼ੂਹ ਬਹੁਤ ਘਟ ਗਏ ਹਨ।

ਮੇਰੇ ਚਾਚਾ ਜੀ ਡਾਕਟਰ ਹਨ। ਉਹ ਚੰਡੀਗੜ੍ਹ ਰਹਿੰਦੇ ਹਨ। ਛੁੱਟੀਆਂ ਵਿੱਚ ਉਹਨਾਂ ਦਾ ਪਰਿਵਾਰ ਵੀ ਪਿੰਡ ਆਉਂਦਾ ਹੈ। ਸੜਕ ਪੱਕੀ ਹੋਣ ਕਰਕੇ ਉਹਨਾਂ ਦੀ ਕਾਰ ਸਿੱਧੀ ਘਰ ਅੱਗੇ ਆਉਂਦੀ ਹੈ। ਉਹ ਕਹਿੰਦੇ ਹਨ ਕਿ ਤਾਜ਼ੀਆਂ ਸਬਜ਼ੀਆਂ ਤਾਂ ਪਿੰਡ ਵਿੱਚ ਹੀ ਮਿਲ਼ਦੀਆਂ ਹਨ। ਸਾਗ ਅਤੇ ਮੱਕੀ ਦੀ ਰੋਟੀ ਖਾ ਕੇ ਉਹ ਖ਼ੁਸ਼ ਹੁੰਦੇ ਹਨ। ਗੰਨੇ ਚੂਪਣੇ ਉਹਨਾਂ ਨੂੰ ਚੰਗੇ ਲੱਗਦੇ ਹਨ।

ਮੇਰੇ ਪਿੰਡ ਵਿੱਚ ਇੱਕ ਮੇਲਾ ਵੀ ਲੱਗਦਾ ਹੈ। ਮੇਲੇ ਵਾਲ਼ੀ ਥਾਂ ਬਹੁਤ ਰੌਣਕ ਹੁੰਦੀ ਹੈ। ਸ਼ਹਿਰ ਤੋਂ ਵੀ ਕੁਝ ਲੋਕ ਮੇਲਾ ਵੇਖਣ ਆਉਂਦੇ ਹਨ। ਮੈਂ ਵੀ ਬੱਸ ਉੱਤੇ ਚੜ੍ਹ ਕੇ ਕਦੇ-ਕਦੇ ਸ਼ਹਿਰ ਜਾਂਦਾ ਹਾਂ।

## ਪਾਠ-ਅਭਿਆਸ



**1. ਮੌਖਿਕ ਪ੍ਰਸ਼ਨ :**

(ੳ) ਤੁਹਾਡੇ ਪਿੰਡ ਦਾ ਕੀ ਨਾਂ ਹੈ?

(ਅ) ਤੁਹਾਡੇ ਪਿੰਡ ਨਾਲ਼ ਲੱਗਦੇ ਕੋਈ ਦੋ ਪਿੰਡਾਂ ਦੇ ਨਾਂ ਦੱਸੋ।

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਮੇਰੇ ਪਿਤਾ ਜੀ ________ ਹਨ।

(ਅ) ਮੇਰੇ ਪਿੰਡ ਦੇ ਲੋਕ ਬਹੁਤ ________ ਹਨ।

(ੲ) ਸਾਡਾ ਪਿੰਡ ਹੁਣ ______ ਵਰਗਾ ਹੈ।

(ਸ) ਸਾਡੇ ਘਰਾਂ ਵਿੱਚ ______ ਹੈ।

(ਹ) ਖੇਤੀ ______ ਨਾਲ਼ ਹੁੰਦੀ ਹੈ।

**(ਟ੍ਰੈੱਕਟਰਾਂ, ਬਿਜਲੀ, ਸ਼ਹਿਰ, ਮਿਹਨਤੀ, ਕਿਰਸਾਣ)**



3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਮੇਰੇ ਪਿੰਡ ਵਿੱਚ ਕਿਹੋ-ਜਿਹੇ ਘਰ ਹਨ?

______

(ਅ) ਖੇਤਾਂ ਵਿੱਚ ਉਗਾਈਆਂ ਜਾਂਦੀਆਂ ਫ਼ਸਲਾਂ ਦੇ ਨਾਂ ਲਿਖੋ।

______

(ੲ) ਪਿੰਡ ਦੇ ਲੋਕ ਕੀ-ਕੀ ਕੰਮ ਕਰਦੇ ਹਨ?

______

(ਸ) ਲਾਇਬ੍ਰੇਰੀ ਵਿੱਚ ਬੈਠ ਕੇ ਲੋਕ ਕੀ ਕਰਦੇ ਹਨ?

______

(ਹ) ਲੋਕਾਂ ਦੀ ਸਹੂਲਤ ਲਈ ਪਿੰਡ ਵਿੱਚ ਹੋਰ ਕੀ-ਕੀ ਹੈ?


______

4. ਹੇਠ ਲਿਖੇ ਸ਼ਬਦਾਂ ਦੇ ਜੋੜੇ ਬਣਾਓ, ਜਿਵੇਂ ਕਿ ਤੀਰ ਦਾ ਨਿਸ਼ਾਨ ਲਾ ਕੇ ਦੱਸਿਆ ਗਿਆ ਹੈ :


| | |
|---|---|
| ਖੇਤ | ਟੋਕਰੇ |
| ਸਕੂਲ | ਦਵਾਈਆਂ |
| ਡਾਕਖ਼ਾਨਾ | ਅਧਿਆਪਕ |
| ਡਿਸਪੈਂਸਰੀ | ਡਾਕੀਆ |
| ਛਿਟੀਆਂ | ਫ਼ਸਲ |

5. ਸਮਝੋ ਅਤੇ ਲਿਖੋ :

ਦਰੀ : ਦਰੀਆਂ



ਕਹੀ : ____________



ਦਾਤੀ : ____________



ਜੁੱਤੀ : ____________



ਕੁਰਸੀ : ____________



ਬਾਲਟੀ : ____________



6. ਸਮਝੋ ਅਤੇ ਲਿਖੋ :

ਮੁੰਡੇ : ਕੁੜੀਆਂ

ਅਧਿਆਪਕ : ..................

ਪਿਤਾ : ..................




7. ਮਿਲਾਣ ਕਰੋ :

| | |
|---|---|
| ਮੋਚੀ | ਮਿੱਟੀ ਦੇ ਭਾਂਡੇ ਬਣਾਉਣ ਵਾਲ਼ਾ। |
| ਜੁਲਾਹਾ | ਪਟੜੇ, ਘੋਟਣੇ ਅਤੇ ਮੇਜ਼-ਕੁਰਸੀਆਂ ਬਣਾਉਣ ਵਾਲ਼ਾ। |
| ਦਰਜ਼ੀ | ਖੁਰਪੇ ਤੇ ਦਾਤੀਆਂ ਬਣਾਉਣ ਵਾਲ਼ਾ। |
| ਤਰਖਾਣ | ਕੱਪੜਾ ਬੁਣਨ ਵਾਲ਼ਾ। |
| ਲੁਹਾਰ | ਜੁੱਤੀਆਂ ਬਣਾਉਣ ਵਾਲ਼ਾ। |
| ਘੁਮਿਆਰ | ਕੱਪੜੇ ਸਿਊਂਣ ਵਾਲ਼ਾ। |

8. ਪਾਠ ਵਿੱਚੋਂ ਲਾਂ ਮਾਤਰਾ ( ੇ ) ਵਾਲ਼ੇ ਸ਼ਬਦ ਚੁਣ ਕੇ ਲਿਖੋ।

9. ਹੇਠ ਦਿੱਤੇ ਅਨੁਸਾਰ ਅਧਿਆਪਕ ਵਿਦਿਆਰਥੀਆਂ ਨੂੰ ਆਪਣੇ ਘਰਾਂ ਅਤੇ ਸਕੂਲ ਦੀ ਦਿਸ਼ਾ ਨੂੰ ਸਮਝਣ ਅਤੇ ਪਛਾਣਨ ਵਿੱਚ ਮਦਦ ਕਰੇਗਾ।






ਵਿਦਿਆਰਥੀਆਂ ਨੂੰ ਪੇਂਡੂ ਜੀਵਨ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ ਜਾਵੇ।